NATIONAL COMPASSION FUND

# ਇੰਡੀਆਨਾਪੋਲਿਸ 4/5 ਸਰਵਾਈਵਰਜ਼ ਫੰਡ

## ਅੰਤਮ ਪ੍ਰੋਟੋਕੋਲ ਸੰਖੇਪ ਜਾਣਕਾਰੀ

ਇੰਡੀਆਨਾਪੋਲਿਸ 4/15 ਸਰਵਾਈਵਰਜ਼ ਫੰਡ ਇੰਡੀਅਨਾਪੋਲਿਸ ਹਮਲੇ ਦੇ ਪੀੜਤਾਂ ਅਤੇ ਬਚੇ ਲੋਕਾਂ ਨੂੰ ਉਪਹਾਰ ਵਜੋਂ FedEx ਸਹੂਲਤ 'ਤੇ ਫੰਡ ਵੰਡਣਗੇ। ਫੰਡਾਂ ਦੀ ਵਰਤੋਂ ਪ੍ਰਾਪਤ ਕਰਨ ਵਾਲੇ ਦੀ ਇੱਛਾ ਅਨੁਸਾਰ ਕੀਤੀ ਜਾ ਸਕਦੀ ਹੈ।

ਸਥਾਨਕ ਸੰਚਾਲਨ ਕਮੇਟੀ ਦੁਆਰਾ ਯੋਗਤਾ ਅਤੇ ਵੰਡ ਬਾਰੇ ਫੈਸਲੇ ਕੀਤੇ ਜਾਂਦੇ ਹਨ। ਅੰਤਮ ਪ੍ਰੋਟੋਕੋਲ ਨੂੰ ਪ੍ਰਸਤਾਵਿਤ ਨਿਯਮਾਂ 'ਤੇ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ ਮਨਜ਼ੂਰ ਕੀਤਾ ਗਿਆ ਸੀ।

ਅੰਤਮ ਪ੍ਰੋਟੋਕੋਲ ਯੋਗਤਾ ਦੀਆਂ ਤਿੰਨ ਸ਼੍ਰੇਣੀਆਂ ਦਾ ਪ੍ਰਸਤਾਵ ਦਿੰਦਾ ਹੈ:

- ਜੋ ਲੋਕ ਮਾਰੇ ਗਏ ਹਨ ਉਨ੍ਹਾਂ ਦੇ ਕਾਨੂੰਨੀ ਵਾਰਸ
- ਉਹ ਜੋ ਜ਼ਖਮੀ ਹੋਏ ਹਨ
- ਉਹ ਜੋ FedEx ਸਹੂਲਤ 'ਤੇ ਇੰਡੀਆਨਾਪੋਲਿਸ ਹਮਲੇ ਦੇ ਸਮੇ ਮੌਜੂਦ ਸਨ ਜਿਨ੍ਹਾਂ ਨੇ ਮਨੋਵਿਗਿਆਨਕ ਸਦਮੇ ਦਾ ਅਨੁਭਵ ਕੀਤਾ

ਸੋਮਵਾਰ, 30 ਅਗਸਤ 2021 ਨੂੰ ਜਾਂ ਇਸ ਦੇ ਆਸ ਪਾਸ, ਲਾਭਾਂ ਲਈ ਇੱਕ ਔਨਲਾਈਨ ਅਰਜੀ ਉਪਲਬਧ ਹੋਵੇਗੀ।

ਤੁਹਾਡੇ ਲਈ ਫੰਡ ਦੀ ਸੰਪਰਕ ਸੂਚੀ ਲਈ **www.NationalCompassionFund.org/Indianapolis** 'ਤੇ ਸਾਈਨ ਅਪ ਕਰਨਾ ਬਹੁਤ ਮਹੱਤਵਪੂਰਨ ਹੈ। ਇਹ ਯਕੀਨੀ ਬਣਾਏਗਾ ਕਿ ਤੁਹਾਨੂੰ ਇਸ ਬਾਰੇ ਈਮੇਲਾਂ ਪ੍ਰਾਪਤ ਹੋਣ:

- ਜਦੋਂ ਫੰਡ ਦੇ ਅੰਤਮ ਨਿਯਮ ਸੈੱਟ ਕਰ ਦਿੱਤੇ ਗਏ ਹਨ
- ਜਦੋਂ ਅਰਜ਼ੀ ਉਪਲਬਧ ਹੋਵੇ
- ਜਦੋਂ ਅਰਜ਼ੀ ਜਮ੍ਹਾਂ ਕਰਨ ਦੀ ਆਖਰੀ ਤਾਰੀਖ ਨੇੜੇ ਆ ਰਹੀ ਹੋਵੇ

ਅਸੀਂ ਇਸ ਪ੍ਰਕਿਰਿਆ ਰਾਹੀਂ ਤੁਹਾਡੀ ਮਦਦ ਕਰਨ ਲਈ ਹਾਂ ਅਤੇ ਤੁਹਾਡੇ ਨਾਲ ਮਿਲ ਕੇ ਅਤੇ ਤੁਹਾਡੇ ਸਵਾਲਾਂ ਦੇ ਉੱਤਰ ਦੇਣ ਵਿੱਚ ਖੁਸ਼ ਹਾਂ। ਕਿਸੇ ਵੀ ਸਵਾਲ ਨਾਲ ਜਾਂ ਮੀਟਿੰਗ ਸੈੱਟ ਕਰਨ ਲਈ **Indy@NationalCompassionFund.org** ਨੂੰ ਈਮੇਲ ਕਰੋ।

# ਅੰਤਮ ਪ੍ਰੋਟੋਕੋਲ

16 ਅਗਸਤ, 2021

ਇਹ ਅੰਤਮ ਵੰਡ ਪ੍ਰੋਟੋਕੋਲ ਹੈ, ਜੋ ਇੰਡੀਆਨਾਪੋਲਿਸ 4/15 ਸਰਵਾਈਵਰਜ਼ ਫੰਡ ਦਾ ਸੰਚਾਲਨ ਕਰੇਗਾ ("ਫੰਡ"), ਜੋ ਕਿ ਫੰਡ ਐਡਮਿਨਿਸਟ੍ਰੇਟਰਾਂ ਦੁਆਰਾ ਵਿਕਸਤ ਕੀਤਾ ਗਿਆ ਹੈ, ਜਿਸ ਵਿੱਚ ਸੰਚਾਲਨ ਕਮੇਟੀ, ਨੈਸ਼ਨਲ ਕੰਪੈਸ਼ਨ ਫੰਡ, ਵਿਸ਼ਾਲ ਸਮੁਦਾਇ ਅਤੇ ਆਮ ਜਨਤਾ ਦੁਆਰਾ ਸੰਬੰਧਤ ਅਤੇ ਉਚਿਤ ਫੀਡਬੈਕ ਸ਼ਾਮਲ ਕੀਤੀ ਗਈ ਹੈ।

**ਫੰਡ ਰਾਹੀਂ ਦਿੱਤੇ ਗਏ ਵਿੱਤੀ ਲਾਭ ਇੱਕ ਉਪਹਾਰ ਹਨ ਜਿਸ ਲਈ ਕੋਈ ਵੀ ਵਿਅਕਤੀ ਕਾਨੂੰਨੀ ਦਾਅਵੇਦਾਰ ਜਾਂ ਅਧਿਕਾਰੀ ਨਹੀਂ ਹੈ। ਇਸ ਅੰਤਮ ਪ੍ਰੋਟੋਕੋਲ ਦੇ ਸਾਰੇ ਪਹਿਲੂਆਂ ਨੂੰ ਸੋਧਿਆ ਜਾ ਸਕਦਾ ਹੈ ਜਿਸ ਵਿੱਚ ਬਿਨਾਂ ਸੀਮਾ ਦੇ, ਬਿਨੈਕਾਰਾਂ ਦੇ ਵਰਗੀਕਰਣ, ਵੰਡ ਦੇ ਮਾਪਦੰਡ, ਅਰਜ਼ੀ ਪ੍ਰਕਿਰਿਆ, ਸਮਾਂ ਸਾਰਣੀ, ਅਤੇ ਦਿੱਤੀ ਜਾਣ ਵਾਲੀ ਰਕਮਾਂ ਨੂੰ ਸ਼ਾਮਲ ਕੀਤਾ ਗਿਆ ਹੈ ਅਤੇ ਫੰਡ ਐਡਮਿਨਿਸਟ੍ਰੇਟਰਾਂ ਦੇ ਪੂਰੇ ਅਤੇ ਸੰਪੂਰਨ ਵਿਵੇਕ ਦੇ ਅਧੀਨ ਹਨ।**

---

ਇਸ ਫੰਡ ਦੀ ਵਿੱਤ ਤੌਰ 'ਤੇ ਸਹਾਇਤਾ FedEx ਦੁਆਰਾ ਕੀਤੀ ਗਈ ਸੀ ਅਤੇ ਕਾਰੋਬਾਰਾਂ, ਬੁਨਿਆਦਾਂ ਅਤੇ ਵਿਅਕਤੀਗਤ ਰੂਪ ਨਾਲ ਦਾਨ ਕਰਨ ਵਾਲਿਆਂ ਦੀ ਉਦਾਰਤਾ ਦੁਆਰਾ ਵਧਾਈ ਗਈ ਸੀ। ਫੰਡ ਨੂੰ ਉਨ੍ਹਾਂ ਪੀੜਤਾਂ ਦੇ ਪਰਿਵਾਰਾਂ ਦੀ ਸਹਾਇਤਾ ਲਈ ਵਰਤਿਆ ਜਾਵੇਗਾ ਜੋ ਮਾਰੇ ਗਏ ਸਨ, ਪੀੜਤ ਜੋ ਸਰੀਰਕ ਤੌਰ 'ਤੇ ਜ਼ਖਮੀ ਹੋਏ ਸਨ, ਅਤੇ ਉਹ ਪੀੜਤ ਜੋ ਹਮਲੇ ਦੌਰਾਨ ("ਇੰਡੀਆਨਾਪੋਲਿਸ ਅਟੈਕ") 15 ਅਪ੍ਰੈਲ, 2021, ਕਾਨੂੰਨੀ ਤੌਰ 'ਤੇ FedEx ਸਹੂਲਤ 'ਤੇ ਮੌਜੂਦ ਸਨ ਅਤੇ ਮਨੋਵਿਗਿਆਨਕ ਸਦਮੇ ਦਾ ਸਾਹਮਣਾ ਕਰ ਰਹੇ ਸਨ। ਨੈਸ਼ਨਲ ਕੰਪੈਸ਼ਨ ਫੰਡ, LLC (Federal Tax ID #30-0022798) ਨੈਸ਼ਨਲ ਸੈਂਟਰ ਫਾਰ ਵਿਕਟਿਮਜ਼ ਆਫ਼ ਕ੍ਰਾਈਮ ਦੀ ਸਹਾਇਕ ਕੰਪਨੀ ਹੈ, ਜੋ ਇੱਕ 501(c)(3) ਗੈਰ-ਲਾਭਕਾਰੀ ਸੰਗਠਨ (Federal Tax ID #30-0022798) ਹੈ।

**ਲਾਭਾਂ ਦੇ ਯੋਗ ਬਣਨ ਲਈ, ਸਾਰੀਆਂ ਅਰਜ਼ੀਆਂ ਦਾ ਮੰਗਲਵਾਰ, 28 ਸਤੰਬਰ, 2021 ਤੋਂ ਬਾਅਦ ਵਿੱਚ ਔਨਲਾਈਨ ਜਮ੍ਹਾਂ ਹੋਣਾ ਜ਼ਰੂਰੀ ਹੈ। ਜੇ ਪੀੜਤ 18 ਸਾਲ ਤੋਂ ਘੱਟ ਉਮਰ ਦਾ ਹੈ, ਤਾਂ ਮਾਪਿਆਂ ਜਾਂ ਸਰਪ੍ਰਸਤ ਨੂੰ ਪੀੜਤ ਵਲੋਂ ਅਰਜ਼ੀ ਦੇਣੀ ਪਵੇਗੀ।**

ਫੰਡ ਤੋਂ ਦਿੱਤੀ ਜਾਣ ਵਾਲੀ ਰਕਮ ਉਨ੍ਹਾਂ ਵੇਰੀਬਲਾਂ ਨੂੰ ਧਿਆਨ ਵਿੱਚ ਰੱਖੇਗੀ ਜਿਨ੍ਹਾਂ ਵਿੱਚ ਸੱਟ ਦੀ ਗੰਭੀਰਤਾ, ਸੱਟ ਦੀ ਕਿਸਮ ਅਤੇ ਇੰਡੀਆਨਾਪੋਲਿਸ ਹਮਲੇ ਤੋਂ ਉਭਰੀ ਸੱਟ ਦੇ ਸਬੂਤ ਦੀ ਜਾਣਕਾਰੀ ਸ਼ਾਮਲ ਹੈ। ਹਰੇਕ ਯੋਗ ਬਿਨੈਕਾਰ ਲਈ ਰਕਮਾਂ ਦਾ ਨਿਰਧਾਰਨ ਵੇਰੀਬਲਾਂ 'ਤੇ ਨਿਰਭਰ ਕਰੇਗਾ ਜਿਸ ਵਿੱਚ ਸ਼ਾਮਲ ਹਨ: (1) 25 ਅਗਸਤ, 2021 ਨੂੰ ਫੰਡ ਵਿੱਚ ਬਕਾਇਆ; (2) ਕੁਦਰਤ ਅਤੇ ਸਰੀਰਕ ਸੱਟਾਂ ਦੀ ਸੰਖਿਆ ਅਤੇ ਸਬੂਤ ਅਤੇ ਨਿਰਧਾਰਤ ਭੂਗੋਲਿਕ ਖੇਤਰ ਵਿੱਚ ਸਰੀਰਕ ਤੌਰ 'ਤੇ ਮੌਜੂਦ ਵਿਅਕਤੀਆਂ ਦੀ ਸੰਖਿਆ ਦੇ ਸੰਬੰਧ ਵਿੱਚ ਅਪਡੇਟ ਕੀਤੇ ਡੇਟਾ ਦੀ ਪ੍ਰਾਪਤੀ; (3) ਸਾਰੀਆਂ ਜਮ੍ਹਾਂ ਕੀਤੀਆਂ ਅਰਜ਼ੀਆਂ ਦੀ ਸਮੀਖਿਆ ਦੀ ਪੂਰਤੀ; ਅਤੇ (4) ਐਡਮਿਨਿਸਟ੍ਰੇਟਰਾਂ ਦੁਆਰਾ ਸਮੀਖਿਆ ਅਤੇ ਮਨਜ਼ੂਰੀ। ਬਿਨੈਕਾਰਾਂ ਦੁਆਰਾ ਪੇਸ਼ ਕੀਤੀ ਗਈ ਸਾਰੀ ਜਾਣਕਾਰੀ ਦੀ ਵੈਧਤਾ ਨਿਰਧਾਰਤ ਕਰਨ ਲਈ ਸਾਰੇ ਅਧਿਕਾਰ ਐਡਮਿਨਿਸਟ੍ਰੇਟਰ ਰਾਖਵੇਂ ਰੱਖਦੇ ਹਨ।

ਵੰਡ ਵਰਗੀਕਰਣ ਹੇਠਾਂ ਦਿੱਤੇ ਗਏ ਹਨ:

## ਯੋਗ ਬਿਨੈਕਾਰਾਂ ਦੀਆਂ ਸ਼੍ਰੇਣੀਆਂ (ਯੋਗਤਾ ਇੱਕ ਸ਼੍ਰੇਣੀ ਤੱਕ ਸੀਮਤ ਹੈ)

### A. ਮੌਤ ਦੇ ਲਾਭਾਂ ਲਈ ਅਰਜ਼ੀ

ਇਸ ਪ੍ਰੋਟੋਕੋਲ ਦੇ ਦਾਇਰੇ ਵਿੱਚ ਸਰਫਸਾਈਡ ਢਹਿਣ ਦੇ ਨਤੀਜੇ ਵਜੋਂ ਮਾਰੇ ਗਏ ਮ੍ਰਿਤਕਾਂ ਦੇ ਯੋਗ ਬਿਨੈਕਾਰ ਭੁਗਤਾਨ ਦੀ ਉੱਚ ਸ਼੍ਰੇਣੀ ਪ੍ਰਾਪਤ ਕਰਨਗੇ। ਸਾਰੇ ਢੁੱਕਵੇਂ ਅੰਕੜੇ ਪ੍ਰਾਪਤ ਹੋਣ 'ਤੇ ਇੱਕ ਅੰਤਮ ਭੁਗਤਾਨ ਨਿਰਧਾਰਤ ਕੀਤਾ ਜਾਵੇਗਾ ਅਤੇ ਇਹ ਉਪਰੋਕਤ ਸਾਰੀਆਂ ਟਿੱਪਣੀਆਂ ਦੇ ਅਧੀਨ ਹੈ।

### B. ਰਾਤ ਭਰ ਹਸਪਤਾਲ ਵਿੱਚ ਦਾਖ਼ਲ ਹੋਣ ਦੀ ਲੋੜ ਵਾਲੇ ਪੀੜਤਾਂ ਲਈ ਵਿਅਕਤੀਗਤ ਸਰੀਰਕ ਸੱਟਾਂ ਵਾਲੀਆਂ ਅਰਜ਼ੀਆਂ

ਯੋਗ ਬਿਨੈਕਾਰ ਜੋ ਕਨੂੰਨੀ ਤੌਰ 'ਤੇ FedEx ਸਹੂਲਤ ਜਾਂ ਇਸਦੇ ਪਾਰਕਿੰਗ ਥਾਂ 'ਤੇ ਮੌਜੂਦ ਸਨ (ਜਿਵੇਂ ਕਿ ਚਿਤਰ 1 ਵਿੱਚ ਦਰਸਾਇਆ
ਗਿਆ ਹੈ), ਜੋ 15 ਅਪ੍ਰੈਲ, 2021 ਅਤੇ 28 ਸਤੰਬਰ, 2021 (ਫੰਡ ਵਿੱਚ ਅਰਜ਼ੀ ਜਮ੍ਹਾਂ ਕਰਨ ਦਾ ਆਖ਼ਰੀ ਦਿਨ) ਦੇ ਵਿਚਕਾਰ ਇੱਕ ਜਾਂ ਵਧੇਰੇ ਰਾਤਾਂ ਲਈ ਸਰੀਰਕ ਤੌਰ 'ਤੇ ਜ਼ਖਮੀ ਅਤੇ ਹਸਪਤਾਲ ਵਿੱਚ ਦਾਖਲ ਸਨ, ਅੰਤਮ ਪ੍ਰੋਟੋਕੋਲ ਦੇ ਅਧੀਨ ਇੰਡੀਅਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਸਰੀਰਕ ਸੱਟਾਂ ਦੇ ਕਾਰਨ ਭੁਗਤਾਨ ਪ੍ਰਾਪਤ ਕਰਨਗੇ।

### C. ਬਾਹਰੀ-ਮਰੀਜ਼ ਦੇ ਅਧਾਰ 'ਤੇ ਇਲਾਜ ਕੀਤੇ ਗਏ ਪੀੜਤਾਂ ਦੀਆਂ ਵਿਅਕਤੀਗਤ ਸੱਟਾਂ ਦੀਆਂ ਅਰਜ਼ੀਆਂ

ਯੋਗ ਬਿਨੈਕਾਰ ਜੋ ਕਨੂੰਨੀ ਤੌਰ 'ਤੇ FedEx ਸਹੂਲਤ ਜਾਂ ਇਸਦੇ ਪਾਰਕਿੰਗ ਥਾਂ 'ਤੇ ਮੌਜੂਦ ਸਨ (ਜਿਵੇਂ ਕਿ ਚਿਤਰ 1 ਵਿੱਚ ਦਰਸਾਇਆ
ਗਿਆ ਹੈ), ਜੋ ਕਿ ਇੰਡੀਆਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਸਰੀਰਕ ਤੌਰ 'ਤੇ ਜ਼ਖਮੀ ਹੋਏ ਸਨ, ਅਤੇ ਜਿਨ੍ਹਾਂ ਨੇ ਵੀਰਵਾਰ, 22 ਅਪ੍ਰੈਲ, 2021 ਤੋਂ ਬਾਅਦ ਕਿਸੇ ਬਾਹਰੀ- ਮਰੀਜ਼ ਦੇ ਅਧਾਰ 'ਤੇ ਡਾਕਟਰੀ ਇਲਾਜ ਪ੍ਰਾਪਤ ਕੀਤਾ, ਅੰਤਮ ਪ੍ਰੋਟੋਕੋਲ ਦੇ ਅਧੀਨ ਭੁਗਤਾਨ ਪ੍ਰਾਪਤ ਕਰਨਗੇ।

### D. ਸਾਈਟ 'ਤੇ ਮੌਜੂਦ ਵਿਅਕਤੀ ਜਿਨ੍ਹਾਂ ਨੇ ਮਨੋਵਿਗਿਆਨਕ ਸਦਮੇ ਦਾ ਅਨੁਭਵ ਕੀਤਾ

ਜੋ ਵੀ ਵਿਅਕਤੀ ਕਾਨੂੰਨੀ ਤੌਰ 'ਤੇ ਇੰਡੀਆਨਾਪੋਲਿਸ ਹਮਲੇ ਦੇ ਸਮੇਂ 8951 ਮੀਰਾਬੈਲ ਰੋਡ (ਜਿਵੇਂ ਕਿ ਚਿੱਤਰ 1 ਵਿੱਚ ਦਰਸਾਇਆ ਗਿਆ ਹੈ) ਵਿਖੇ FedEx ਸਹੂਲਤ 'ਤੇ ਮੌਜੂਦ ਸਨ, ਅਤੇ ਜਿਨ੍ਹਾਂ ਨੇ ਮਨੋਵਿਗਿਆਨਕ ਸਦਮੇ ਦਾ ਅਨੁਭਵ ਕੀਤਾ ਸੀ ਉਹ ਇਸ ਪ੍ਰੋਟੋਕੋਲ ਦੇ ਅਧੀਨ ਭੁਗਤਾਨ ਪ੍ਰਾਪਤ ਕਰਨ ਦੇ ਯੋਗ ਹਨ।

ਚਿੱਤਰ 1.



## ਵਿਧੀ ਅਤੇ ਪ੍ਰਕਿਰਿਆਵਾਂ

ਯੋਗ ਬਿਨੈਕਾਰਾਂ ਨੂੰ ਫੰਡ ਤੋਂ ਭੁਗਤਾਨ ਪ੍ਰਾਪਤ ਕਰਨ ਲਈ ਲਾਭਾਂ ਲਈ ਅਰਜ਼ੀ ਦਾਇਰ ਕਰਨੀ ਚਾਹੀਦੀ ਹੈ। **ਮੰਗਲਵਾਰ, 28 ਸਤੰਬਰ, 2021 ਦੀ ਆਖਰੀ ਤਾਰੀਖ ਤੱਕ ਅਰਜ਼ੀ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ [ਹਾਲਾਂਕਿ, ਫੰਡ ਐਡਮਿਨਿਸਟ੍ਰੇਟਰਾਂ ਕੋਲ ਆਪਣੀ ਮਰਜ਼ੀ ਅਨੁਸਾਰ ਇੱਕ ਆਖਰੀ ਮਿਤੀ ਵਧਾਉਣ ਦਾ ਅਧਿਕਾਰ ਸੁੱਰਖਿਅਤ ਹੈ]**। ਅਰਜ਼ੀ ਵਿੱਚ, ਬਿਨੈਕਾਰ ਨਿਰਧਾਰਤ ਕਰਨਗੇ ਕਿ ਕੀ ਉਹ ਮ੍ਰਿਤਕ ਪੀੜਤਾਂ ਲਈ, ਸਰੀਰਕ ਸੱਟ ਲਈ, ਜਾਂ ਵਿਅਕਤੀਗਤ ਤੌਰ 'ਤੇ ਇੰਡੀਅਨਾਪੋਲਿਸ ਹਮਲੇ ਦੀ ਗਵਾਹੀ ਦੇ ਅਧਾਰ 'ਤੇ ਮਨੋਵਿਗਿਆਨਕ ਸਦਮੇ ਲਈ ਲਾਭ ਮੰਗ ਰਹੇ ਹਨ। ਹਰੇਕ ਯੋਗ ਬਿਨੈਕਾਰ ਨੂੰ ਲਾਭਾਂ ਲਈ ਸਿਰਫ ਇੱਕ ਅਰਜ਼ੀ ਜਮ੍ਹਾਂ ਕਰਾਉਣੀ ਚਾਹੀਦੀ ਹੈ। ਆਪਣੀ ਅਰਜ਼ੀ ਵਿੱਚ, ਬਿਨੈਕਾਰਾਂ ਨੂੰ ਸਿਰਫ ਇੱਕ ਹੀ ਵੰਡ ਸ਼੍ਰੇਣੀ ਦੀ ਚੋਣ ਕਰਨੀ ਚਾਹੀਦੀ ਹੈ ਜਿਸਦੇ ਲਈ ਉਹ ਯੋਗ ਹਨ।

ਯੋਗ ਅਰਜ਼ੀਆਂ 'ਤੇ ਵਿਚਾਰ ਕਰਨ ਦੀ ਵਿਧੀ ਅਤੇ ਪ੍ਰਕਿਰਿਆਵਾਂ ਹੇਠ ਲਿਖੇ ਅਨੁਸਾਰ ਹੋਵੇਗੀ:

**A.** ਫੰਡ ਦਾ ਪ੍ਰਬੰਧਨ ਨੈਸ਼ਨਲ ਕੰਪੈਸ਼ਨ ਫੰਡ ਦੁਆਰਾ ਕੀਤਾ ਜਾਵੇਗਾ

ਫੰਡ ਦਾ ਸੰਚਾਲਨ ਕਰਨ ਦਾ ਅੰਤਮ ਪ੍ਰੋਟੋਕੋਲ ਅਤੇ ਲਾਭਾਂ ਲਈ ਇੱਕ ਔਨਲਾਈਨ ਅਰਜ਼ੀ ("ਐਪਲੀਕੇਸ਼ਨ") ਜਮ੍ਹਾਂ ਕਰਨ ਦਾ ਲਿੰਕ ਉਨ੍ਹਾਂ ਸਾਰੇ ਜਾਣਕਾਰ ਸੰਭਾਵੀ ਬਿਨੈਕਾਰਾਂ ਨੂੰ ਈਮੇਲ ਕੀਤਾ ਜਾਵੇਗਾ ਜਿਨ੍ਹਾਂ ਨੇ ਫੰਡ-ਵਿਸ਼ੇਸ਼ ਔਨਲਾਈਨ ਸੰਪਰਕ ਫਾਰਮ ਦੁਆਰਾ ਆਪਣੀ ਜਾਣਕਾਰੀ ਜਮ੍ਹਾਂ ਕਰਕੇ ਨੈਸ਼ਨਲ ਕੰਪੈਸ਼ਨ ਫੰਡ ("NCF") ਨੂੰ ਲੋੜੀਂਦੀ ਜਾਣਕਾਰੀ ਪ੍ਰਦਾਨ ਕੀਤੀ ਹੈ, ਜੋ ਕਿ NCF ਦੀ ਵੈਬਸਾਈਟ (www.NationalCompassionFund.org) 'ਤੇ ਸਥਿਤ ਹੈ। ਅੰਤਮ ਪ੍ਰੋਟੋਕੋਲ ਅਤੇ ਅਰਜ਼ੀ ਪ੍ਰਕਿਰਿਆ ਨਾਲ ਜੁੜੀ ਜਾਣਕਾਰੀ 30 ਅਗਸਤ, 2021 ਤੋਂ ਸ਼ੁਰੂ ਹੋਣ ਵਾਲੀ NCF ਦੀ ਵੈਬਸਾਈਟ 'ਤੇ ਵੀ ਉਪਲਬਧ ਹੋਵੇਗੀ। NCF ("ਫੰਡ ਐਡਮਿਨਿਸਟ੍ਰੇਟਰ") ਦੇ ਪ੍ਰਤੀਨਿਧੀ ਅਰਜ਼ੀਆਂ ਦਾ ਪ੍ਰਬੰਧਨ ਅਤੇ ਪ੍ਰਕਿਰਿਆ ਕਰਨਗੇ। **ਹਰੇਕ ਪੀੜਤ ਦੁਆਰਾ ਜਾਂ ਉਸ ਦੀ ਤਰਫੋਂ ਸਿਰਫ ਇੱਕ ਅਰਜ਼ੀ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ।** ਸਾਰੀਆਂ ਅਰਜ਼ੀਆਂ ਮੰਗਲਵਾਰ, ਸਤੰਬਰ 28, 2021 ਤੋਂ ਬਾਅਦ ਪੂਰੀਆਂ ਕੀਤੀਆਂ ਅਤੇ ਫੰਡ ਐਡਮਿਨਿਸਟ੍ਰੇਟਰਾਂ (ਅਰਜ਼ੀ ਵਿੱਚ ਦਿੱਤੇ ਸਾਰੇ ਲੋੜੀਂਦੇ ਸਹਾਇਕ ਦਸਤਾਵੇਜ਼ਾਂ ਜਾਂ ਸੂਚਨਾ ਵਿੱਚ ਕਿਸੇ ਵੀ ਤਰ੍ਹਾਂ ਦੀ ਘਾਟ ਨੂੰ ਦੂਰ ਕਰਨ ਵਾਲੀ ਜਾਣਕਾਰੀ ਦੇ ਨਾਲ) ਨੂੰ ਜਮ੍ਹਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਕਿਸੇ ਅਰਜ਼ੀ ਨੂੰ ਪੂਰਾ ਕਰਨ ਦੇ ਸੰਬੰਧ ਵਿੱਚ ਈਮੇਲ ਦੁਆਰਾ ਸਵਾਲ Indy@NationalCompassionFund.org 'ਤੇ ਭੇਜੇ ਜਾਣੇ ਚਾਹੀਦੇ ਹਨ।

**B.** ਔਨਲਾਈਨ ਅਰਜ਼ੀ ਦੀ ਪਹੁੰਚ 30 ਅਗਸਤ, 2021 ਤੋਂ ਸ਼ੁਰੂ ਹੋਣ ਵਾਲੀ ਹੈ ਜੋ www.NationalCompassionFund.org 'ਤੇ ਉਪਲਬਧ ਹੋਵੇਗੀ। ਜਿਨ੍ਹਾਂ ਬਿਨੈਕਾਰਾਂ ਕੋਲ ਇੰਟਰਨੈੱਟ ਦੀ ਪਹੁੰਚ ਦੀ ਘਾਟ ਹੈ ਉਨ੍ਹਾਂ ਨੂੰ ਵਿਕਲਪਕ ਫਾਈਲਿੰਗ ਸਹਾਇਤਾ ਬਾਰੇ ਮਾਰਗਦਰਸ਼ਨ ਕਰਨ ਲਈ 855-4VICTIM (855-484-2846) 'ਤੇ ਟੋਲ-ਫਰੀ ਬਿਨੈਕਾਰ ਸਹਾਇਤਾ ਨੰਬਰ 'ਤੇ ਕਾਲ ਕਰਨ ਲਈ ਕਿਹਾ ਜਾਂਦਾ ਹੈ।

**C.** ਇਸ ਇਵੈਂਟ ਵਿੱਚ ਜੇ ਕੋਈ ਬਿਨੈਕਾਰ ਅਧੂਰੀ ਜਾਂ ਨੁਕਸ ਵਾਲੀ ਅਰਜ਼ੀ ਜਮ੍ਹਾਂ ਕਰਵਾਉਂਦਾ ਹੈ (ਉਦਾਹਰਣ ਲਈ, ਬਿਨੈਕਾਰ ਲੋੜੀਂਦੇ ਦਸਤਾਵੇਜ਼ ਸ਼ਾਮਲ ਕਰਨ ਵਿੱਚ ਅਸਫਲ ਰਿਹਾ ਜਾਂ ਅਰਜ਼ੀ ਨੂੰ ਪੂਰੀ ਤਰ੍ਹਾਂ ਪੂਰਾ ਕਰਨ ਵਿੱਚ ਅਸਫਲ ਰਿਹਾ), ਫੰਡ ਐਡਮਿਨਿਸਟ੍ਰੇਟਰ ਦਫਤਰ ਵਲੋਂ ਅਜਿਹੀਆਂ ਕਿਸੇ ਵੀ ਕਮੀਆਂ ਨੂੰ ਦੂਰ ਕਰਨ ਦੀ ਕੋਸ਼ਿਸ਼ ਵਿੱਚ ਇੱਕ ਪ੍ਰਤੀਨਿਧੀ ਬਿਨੈਕਾਰ ਨੂੰ ਇੱਕ ਈ-ਮੇਲ ਨੋਟੀਫਿਕੇਸ਼ਨ ਭੇਜੇਗਾ।

**D.** ਸਾਰੇ ਵਿੱਤੀ ਯੋਗਦਾਨਾਂ ਨੂੰ ਜਮ੍ਹਾਂ ਕਰਾਉਣ ਅਤੇ ਫੰਡ ਐਡਮਿਨਿਸਟ੍ਰੇਟਰ ਦੁਆਰਾ ਸਾਰੀਆਂ ਯੋਗ ਅਰਜ਼ੀਆਂ ਦੀ ਅੰਤਮ ਸਮੀਖਿਆ ਅਤੇ ਨਿਰਧਾਰਨ ਦੀ ਅੰਤਮ ਤਾਰੀਖ ਤੋਂ ਤੁਰੰਤ ਬਾਅਦ, ਭੁਗਤਾਨ ਜਾਰੀ ਕੀਤੇ ਜਾਣਗੇ। ਫੰਡ ਐਡਮਿਨਿਸਟ੍ਰੇਟਰ ਚੈਕ ਜਾਂ ਇਲੈਕਟ੍ਰੌਨਿਕ ਟ੍ਰਾਂਸਫਰ ਦੁਆਰਾ ਹਰ ਯੋਗ ਬਿਨੈਕਾਰ ਨੂੰ ਭੁਗਤਾਨਾਂ ਦੇ ਸੰਚਾਰ ਦੀ ਪ੍ਰਵਾਨਗੀ ਲਈ ਸੰਚਾਲਨ ਕਮੇਟੀ ਨੂੰ ਅੰਤਮ ਭੁਗਤਾਨ ਨਿਰਧਾਰਨ ਪੇਸ਼ ਕਰਨਗੇ। ਬਿਨੈਕਾਰ ਕਿਸੇ ਵੀ ਭੁਗਤਾਨ ਦੇ ਸਮੇਂ 'ਤੇ ਭਰੋਸਾ

ਨਹੀਂ ਕਰ ਸਕਦੇ। ਐਡਮਿਨਿਸਟ੍ਰੇਟਰ, ਸੰਚਾਲਨ ਕਮੇਟੀ ਅਤੇ NCF ਦੀ ਫੰਡ ਵਲੋਂ ਕਿਸੇ ਵੀ ਭੁਗਤਾਨ ਦੇ ਸਮੇਂ ਦੇ ਕਾਰਨ ਜਾਂ ਇਸਦੇ ਨਤੀਜੇ ਵਜੋਂ ਪੈਦਾ ਹੋਏ ਕਿਸੇ ਵੀ ਕਿਸਮ ਦੇ ਨੁਕਸਾਨ ਲਈ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਨਹੀਂ ਹੋਵੇਗੀ।

**E.** ਮ੍ਰਿਤਕ ਪੀੜਤ ਲਈ ਦਰਜ ਕੀਤੀ ਗਈ ਅਰਜ਼ੀ ਵਿੱਚ ਜੀਵਨ ਸਾਥੀ ਜਾਂ ਕਾਨੂੰਨੀ ਸਾਥੀ ਦੇ ਦਸਤਖ਼ਤ ਦੀ ਲੋੜ ਹੋਵੇਗੀ ਜੇ ਮ੍ਰਿਤਕ ਵਿਅਕਤੀ ਦੀ ਮੌਤ ਸਮੇਂ ਵਿਆਹ ਹੋਇਆ ਸੀ, ਅਤੇ ਇਸ ਵਿੱਚ ਉਹਨਾਂ ਵਿਅਕਤੀਆਂ (ਉਦਾਹਰਣ ਵਜੋਂ, ਜੀਵਨਸਾਥੀ, ਬੱਚੇ, ਮਾਪੇ, ਭੈਣ -ਭਰਾ) ਨਾਲ ਸਬੰਧਤ ਜਾਣਕਾਰੀ ਸ਼ਾਮਲ ਹੋਵੇਗੀ ਜੋ ਉਸ ਅਧਿਕਾਰ ਖੇਤਰ ਦੇ ਸਥਾਨਕ ਪ੍ਰੋਬੇਟ ਕਾਨੂੰਨ ਦੇ ਅਧੀਨ ਮੁਆਵਜ਼ਾ ਪ੍ਰਾਪਤ ਕਰਨ ਯੋਗ ਹੋ ਸਕਦੇ ਹਨ ਜਿੱਥੇ ਮ੍ਰਿਤਕ ਪੀੜਤ ਨਿਵਾਸ ਕਰਦਾ ਸੀ। ਉਨ੍ਹਾਂ ਮਾਮਲਿਆਂ ਵਿੱਚ ਜਦ ਪੀੜਤ ਵਿਆਹਿਆ ਨਹੀਂ ਹੁੰਦਾ, ਕਾਨੂੰਨੀ ਤੌਰ 'ਤੇ ਅਧਿਕਾਰਤ ਅਸਟੇਟ ਦੇ ਪ੍ਰਬੰਧਨ ਲਈ ਨਿੱਜੀ ਪ੍ਰਤੀਨਿਧੀ ਨੂੰ ਅਰਜ਼ੀ ਜਮ੍ਹਾਂ ਕਰਾਉਣੀ ਚਾਹੀਦੀ ਹੈ। ਜੇ ਮ੍ਰਿਤਕ ਨੇ ਕੋਈ ਵਸੀਅਤ ਨਹੀਂ ਛੱਡੀ, ਤਾਂ ਮ੍ਰਿਤਕ ਦੇ ਕਾਨੂੰਨੀ ਵਾਰਸਾਂ ਅਤੇ ਲਾਭਪਾਤਰਾਂ ਵਿੱਚ ਫੰਡਾਂ ਦੀ ਵੰਡ ਕਰਨ ਲਈ ਵਿਅਕਤੀਗਤ ਪ੍ਰਤੀਨਿਧੀ ਨੂੰ ਇੱਕ ਪ੍ਰਸਤਾਵਿਤ ਯੋਜਨਾ ਤਿਆਰ ਕਰਨੀ ਚਾਹੀਦੀ ਹੈ। ਅਜਿਹੀਆਂ ਸਥਿਤੀਆਂ ਵਿੱਚ ਜਿੱਥੇ ਮ੍ਰਿਤਕ, ਉਨ੍ਹਾਂ ਦੀ ਮੌਤ ਦੇ ਸਮੇਂ, ਵਿਆਹ ਲਈ ਮੰਗਿਆ ਹੋਇਆ ਸੀ, ਇੱਕ ਜਿਸਮਾਨੀ ਰਿਸ਼ਤੇ ਵਾਲੇ ਸਾਥੀ ਨਾਲ ਰਹਿੰਦਾ ਸੀ, ਜਾਂ ਜੀਵਨ ਸਾਥੀ ਤੋਂ ਵੱਖ ਹੋ ਗਿਆ ਸੀ, ਫੰਡ ਐਡਮਿਨਿਸਟ੍ਰੇਟਰ ਨੂੰ ਆਪਣੇ ਵਿਵੇਕ ਅਨੁਸਾਰ, ਇੱਕ ਮੰਗੇਤਰ, ਜਿਸਮਾਨੀ ਰਿਸ਼ਤੇ ਵਾਲੇ ਸਾਥੀ ਜਾਂ ਬੱਚਿਆਂ ਨੂੰ ਮ੍ਰਿਤਕ ਦੀ ਪ੍ਰਸਤਾਵਿਤ ਵੰਡ ਯੋਜਨਾ ਵਿੱਚ ਸ਼ਾਮਲ ਕਰਨ ਦੀ ਲੋੜ ਹੋ ਸਕਦੀ ਹੈ। ਪ੍ਰਸਤਾਵਿਤ ਯੋਜਨਾ ਅਜਿਹੇ ਸਾਰੇ ਕਾਨੂੰਨੀ ਵਾਰਸਾਂ, ਲਾਭਪਾਤਰਾਂ, ਅਤੇ ਮੰਗੇਤਰ ਜਾਂ ਨਾਲ ਰਹਿੰਦੇ ਇੱਕ ਜਿਸਮਾਨੀ ਰਿਸ਼ਤੇ ਵਾਲੇ ਸਾਥੀ ਨੂੰ ਵੰਡੀ ਜਾਵੇਗੀ, ਜਿਨ੍ਹਾਂ ਵਿੱਚੋਂ ਹਰੇਕ ਨੂੰ ਪ੍ਰਸਤਾਵਿਤ ਵੰਡ ਲਈ ਸਹਿਮਤੀ ਦੇਣੀ ਚਾਹੀਦੀ ਹੈ। ਜੇ ਵਾਰਸਾਂ ਦੇ ਵਿੱਚ ਸਮਝੌਤਾ ਨਹੀਂ ਹੋ ਸਕਦਾ ਕਿ ਵਿਅਕਤੀਗਤ ਪ੍ਰਤੀਨਿਧੀ ਦੇ ਨਾਤੇ ਕੌਣ ਕੰਮ ਕਰੇਗਾ ਜਾਂ ਪ੍ਰਸਤਾਵਿਤ ਵੰਡ ਦੇ ਸੰਬੰਧ ਵਿੱਚ, ਬਿਨੈਕਾਰਾਂ ਨੂੰ ਇਹ ਨਿਰਧਾਰਤ ਕਰਨ ਦੇ ਅਧਿਕਾਰ ਖੇਤਰ ਵਾਲੇ ਪ੍ਰੋਬੇਟ ਕੋਰਟ ਤੋਂ ਕਾਨੂੰਨੀ ਅਧਿਕਾਰ ਪ੍ਰਾਪਤ ਕਰਨ ਦੀ ਜ਼ਰੂਰਤ ਹੋਏਗੀ ਕਿ ਕਾਨੂੰਨੀ ਤੌਰ 'ਤੇ ਅਰਜ਼ੀ ਦਾਇਰ ਕਰਨ ਲਈ ਜ਼ਿੰਮੇਵਾਰ ਵਿਅਕਤੀ ਕੌਣ ਹੈ। ਉਨ੍ਹਾਂ ਸਥਿਤੀਆਂ ਵਿੱਚ, ਜਦੋਂ ਤੱਕ ਕੋਈ ਸਮਝੌਤਾ ਨਹੀਂ ਹੋ ਜਾਂਦਾ, ਫੰਡ ਐਡਮਿਨਿਸਟ੍ਰੇਟਰ, ਆਪਣੇ ਵਿਵੇਕ ਅਨੁਸਾਰ, ਫੰਡਾਂ ਨੂੰ ਰੋਕ ਦੇਵੇਗਾ, ਜਾਂ ਪ੍ਰਭਾਵਿਤ ਫੰਡਾਂ ਨੂੰ ਪ੍ਰੋਬੇਟ ਕੋਰਟ ਦੇ ਅਧਿਕਾਰ ਖੇਤਰ ਵਾਲੇ ਕੋਲ ਜਮ੍ਹਾਂ ਕਰਾਏਗਾ, ਜੋ ਇੱਕ ਵੱਖਰੇ ਖਾਤੇ ਵਿੱਚ ਰੱਖਿਆ ਜਾਵੇਗਾ, ਅਤੇ ਇੱਕ ਵੈਧ ਅਦਾਲਤੀ ਆਦੇਸ਼ ਦੇ ਨਾਲ ਸਿਰਫ ਮਤੇ ਅਨੁਸਾਰ ਵੰਡਿਆ ਜਾਵੇਗਾ।

**F.** ਜੇ ਕਿਸੇ ਨਾਬਾਲਗ ਬੱਚੇ ਨੂੰ ਅਰਜ਼ੀ ਦੀ ਲੋੜ ਹੁੰਦੀ ਹੈ, ਤਾਂ ਇੱਕ ਮਾਪੇ ਜਾਂ ਕਾਨੂੰਨੀ ਸਰਪ੍ਰਸਤ ਨੂੰ ਅਰਜ਼ੀ ਜਮ੍ਹਾਂ ਕਰਾਉਣੀ ਅਤੇ ਦਸਤਖ਼ਤ ਕਰਨੇ ਚਾਹੀਦੇ ਹਨ। ਜੇ ਕਿਸੇ ਅਯੋਗ ਬਾਲਗ ਲਈ ਅਰਜ਼ੀ ਦੀ ਲੋੜ ਹੁੰਦੀ ਹੈ, ਤਾਂ ਅਰਜ਼ੀ ਲਈ ਪ੍ਰਤੀਨਿਧੀ ਸਮਰੱਥਾ ਜਿਵੇਂ ਕਿ ਪਾਵਰ-ਆਫ਼-ਅਟਾਰਨੀ, ਸਰਪ੍ਰਸਤੀ, ਅਤੇ ਸਰਪ੍ਰਸਤ ਜਾਂ ਅਟਾਰਨੀ *ਐਡ ਲਿਟਮ*ਦੀ ਨਿਯੁਕਤੀ ਦੇ ਸਬੂਤ ਦੀ ਲੋੜ ਹੋਵੇਗੀ।

**G.** ਸਰੀਰਕ ਸੱਟ ਵਾਲੇ ਬਿਨੈਕਾਰ ਲਈ ਦਰਜ ਕੀਤੀ ਗਈ ਅਰਜ਼ੀ ਵਿੱਚ ਡਾਕਟਰੀ ਜਾਣਕਾਰੀ ਜਾਰੀ ਕਰਨ ਦਾ ਅਧਿਕਾਰ ਹੋਣਾ ਚਾਹੀਦਾ ਹੈ ਜੋ ਪੁਸ਼ਟੀ ਕਰਦਾ ਹੈ: (i) ਹਸਪਤਾਲ ਵਿੱਚ ਦਾਖਲ ਹੋਣ ਦੀ ਮਿਤੀ (ਜੇ ਲਾਗੂ ਹੋਵੇ), (ii) ਇਲਾਜ ਦੀ ਮਿਤੀ ਜਾਂ ਹਸਪਤਾਲ ਤੋਂ ਛੁੱਟੀ ਦੀ ਮਿਤੀ ਜੇ ਹਸਪਤਾਲ ਵਿੱਚ ਰਾਤ ਭਰ ਦਾਖਲ ਰਿਹਾ ਹੋਵੇ, ਅਤੇ (iii) ਸੱਟ ਦੀ ਪ੍ਰਕਿਰਤੀ ਅਤੇ ਇਲਾਜ ਕਰਨ ਵਾਲੇ ਪੇਸ਼ੇਵਰ ਦੁਆਰਾ ਸਮਕਾਲੀ ਸਬੂਤ ਕਿ ਸੱਟ ਇੰਡੀਅਨਾਪੋਲਿਸ ਹਮਲੇ ਦੇ ਨਤੀਜੇ ਵਜੋਂ ਵੱਜੀ ਸੀ।

**H.** ਮਨੋਵਿਗਿਆਨਕ ਸਦਮੇ ਲਈ ਦਾਇਰ ਕੀਤੀ ਗਈ ਅਰਜ਼ੀ ਵਿੱਚ ਰੁਜ਼ਗਾਰ ਰਿਕਾਰਡਾਂ ਜਾਂ ਕਾਨੂੰਨ ਲਾਗੂ ਕਰਨ ਦੇ ਰਿਕਾਰਡਾਂ ਦੁਆਰਾ ਪੁਸ਼ਟੀ ਕੀਤੇ ਇੰਡੀਆਨਾਪੋਲਿਸ ਹਮਲੇ ਦੇ ਸਥਾਨ 'ਤੇ ਬਿਨੈਕਾਰ ਦੀ ਮੌਜੂਦਗੀ ਹੋਣੀ ਚਾਹੀਦੀ ਹੈ। ਇਸ ਜਾਣਕਾਰੀ ਨੂੰ ਪ੍ਰਮਾਣਿਤ ਕਰਨ ਲਈ ਫੰਡ ਐਡਮਿਨਿਸਟ੍ਰੇਟਰ (ਬਿਨੈਕਾਰ ਦੀ ਬਜਾਏ) ਜ਼ਿੰਮੇਵਾਰ ਹੋਣਗੇ। ਬਿਨੈਕਾਰਾਂ ਨੂੰ ਉਨ੍ਹਾਂ ਦੇ ਲੱਛਣਾਂ ਅਤੇ ਮੰਗੇ ਗਏ ਇਲਾਜ ਦੇ ਨਾਲ ਨਾਲ, ਮੈਡੀਕਲ ਰਿਕਾਰਡ ਜਾਰੀ ਕਰਨ ਲਈ ਤਸਦੀਕ ਕਰਨ ਵਾਲਾ ਹਲਫਨਾਮਾ ਵੀ ਪੇਸ਼ ਕਰਨਾ ਚਾਹੀਦਾ ਹੈੈ।

**I.** NCF, ਇਸਦੇ ਫੰਡ ਐਡਮਿਨਿਸਟ੍ਰੇਟਰ, ਅਤੇ ਸੰਚਾਲਨ ਕਮੇਟੀ ਬਿਨੈਕਾਰਾਂ ਦੁਆਰਾ ਜਮ੍ਹਾ ਕੀਤੀ ਸਾਰੀ ਜਾਣਕਾਰੀ ਦੀ ਗੁਪਤਤਾ ਨੂੰ ਬਣਾਈ ਰੱਖਣ ਲਈ ਢੁੱਕਵੇਂ ਯਤਨਾਂ ਦੀ ਵਰਤੋਂ ਕਰਨਗੇ ਪਰ ਗੁਪਤਤਾ ਦੀ ਗਰੰਟੀ ਨਹੀਂ ਦੇ ਸਕਦੇ। ਬਿਨੈਕਾਰਾਂ ਨੂੰ ਕਿਹਾ ਜਾਂਦਾ ਹੈ ਕਿ ਜੇ ਇਸ ਪ੍ਰੋਟੋਕੋਲ ਦੇ ਅਧੀਨ ਕੋਈ ਜਾਣਕਾਰੀ ਜਨਤਕ ਤੌਰ 'ਤੇ ਉਪਲਬਧ ਹੋ ਜਾਵੇ ਤਾਂ ਕਿਸੇ ਵੀ ਵਿਅਕਤੀਗਤ ਪ੍ਰਭਾਵ ਬਾਰੇ ਵਿਚਾਰ ਕਰੋ।

**J.** ਉਹ ਜੋ ਫੰਡ ਤੋਂ ਭੁਗਤਾਨ ਪ੍ਰਾਪਤ ਕਰਦੇ ਹਨ ਨੂੰ ਫੰਡ ਟੈਕਸ ਦੀ ਸਲਾਹ ਨਹੀਂ ਦੇ ਸਕਦਾ। ਫੰਡ ਪ੍ਰਸ਼ਾਸਕ ਇਹਨਾਂ ਭੁਗਤਾਨਾਂ ਲਈ ਟੈਕਸ ਦੇਣ ਦੇ ਸੰਬੰਧ ਵਿੱਚ ਕਿਸੇ ਵੀ ਸਵਾਲ ਲਈ ਟੈਕਸ ਸਲਾਹਕਾਰ ਨਾਲ ਸਲਾਹ ਕਰਨ ਦੀ ਸਿਫਾਰਸ਼ ਕਰਦੇ ਹਨ।

**K.** ਜਦੋਂ ਲਾਭਾਂ ਦੀਆਂ ਸਾਰੀਆਂ ਵੰਡਾਂ ਪੂਰੀਆਂ ਹੋ ਚੁੱਕੀਆਂ ਹਨ, ਇੰਡੀਆਨਾਪੋਲਿਸ 4/15 ਸਰਵਾਈਵਰਜ਼ ਫੰਡ ਦੀ ਪੂਰੀ ਜਾਂਚ ਪ੍ਰਕਿਰਿਆਵਾਂ 'ਤੇ ਸਹਿਮਤੀ(ਐਗਰੀਡ ਅਪੋਨ ਪ੍ਰੋਸੀਜਰਸ) ਦੇ ਅਨੁਸਾਰ ਇੱਕ ਸੁਤੰਤਰ ਆਡਿਟਿੰਗ ਫਰਮ ਦੁਆਰਾ ਕੀਤੀ ਜਾਏਗੀ। ਇਹਨਾਂ ਸਹਿਮਤੀ ਪ੍ਰਕਿਰਿਆਵਾਂ ਦੇ ਨਤੀਜੇ ਫੰਡ ਐਡਮਿਨਿਸਟ੍ਰੇਟਰ ਦੀ ਅੰਤਮ ਰਿਪੋਰਟ ਦੇ ਨਾਲ, ਸਾਰੇ ਬਿਨੈਕਾਰਾਂ, ਦਾਨੀਆਂ ਅਤੇ ਆਮ ਲੋਕਾਂ ਨੂੰ ਉਪਲਬਧ ਕਰਵਾਏ ਜਾਣਗੇ।

## ਪਹੁੰਚ ਤੋਂ ਬਾਹਰ(ਆਊਟਰੀਚ)

**A.** ਨੈਸ਼ਨਲ ਕੰਪੈਸ਼ਨ ਫੰਡ ((NCF) ਇੰਡੀਆਨਾਪੋਲਿਸ ਹਮਲੇ ਦੇ ਪੀੜਤਾਂ ਨੂੰ ਟੈਲੀਫੋਨ, ਮੇਲ, ਵਿਅਕਤੀਗਤ ਅਤੇ ਇਲੈਕਟ੍ਰੌਨਿਕ ਸੰਚਾਰ ਦੇ ਹੋਰ ਰੂਪਾਂ ਦੁਆਰਾ ਅਰਜ਼ੀ ਪ੍ਰਕਿਰਿਆ ਬਾਰੇ ਜਾਣਕਾਰੀ ਪ੍ਰਦਾਨ ਕਰਨ, ਅਰਜ਼ੀਆਂ ਦਰਜ ਕਰਨ ਸੰਬਧੀ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਆਉਟਰੀਚ ਦਾ ਸੰਚਾਲਨ ਕਰ ਸਕਦਾ ਹੈ, ਅਰਜ਼ੀਆਂ ਵਿੱਚ ਕਮੀਆਂ ਨੂੰ ਦੂਰ ਕਰਨ ਲਈ ਪੀੜਤਾਂ ਦੀ ਸਹਾਇਤਾ ਕਰਨਾ, ਅਤੇ ਇਹ ਯਕੀਨੀ ਬਣਾਉਣ ਲਈ ਕੰਮ ਕਰਨਾ ਕਿ ਉਹ ਸਾਰੇ ਯੋਗ ਵਿਅਕਤੀ ਜੋ ਅਰਜ਼ੀਆਂ ਜਮ੍ਹਾਂ ਕਰਵਾਉਣਾ ਚਾਹੁੰਦੇ ਹਨ, ਮੰਗਲਵਾਰ, 28 ਸਤੰਬਰ, 2021, ਦਾਇਰ ਕਰਨ ਦੀ ਆਖਰੀ ਮਿਤੀ ਤੋਂ ਪਹਿਲਾਂ ਅਜਿਹਾ ਕਰਨ ਦੇ ਯੋਗ ਹਨ। ਪਰ NCF ਇਸ ਗੱਲ ਦੀ ਗਾਰੰਟੀ ਨਹੀਂ ਦਿੰਦਾ ਕਿ ਉਹ ਸਾਰੇ ਜੋ ਯੋਗ ਹੋ ਸਕਦੇ ਹਨ ਉਨ੍ਹਾਂ ਨਾਲ ਸੰਪਰਕ ਕੀਤਾ ਹੀ ਜਾਵੇਗਾ, ਅਤੇ ਨਾ ਹੀ ਇਹ ਗਰੰਟੀ ਦਿੰਦਾ ਹੈ ਕਿ ਸਾਰੇ ਯੋਗ ਵਿਅਕਤੀ ਜੋ NCF ਦੇ ਸੰਪਰਕ ਵਿੱਚ ਹਨ ਪ੍ਰੋਟੋਕੋਲ ਵਿੱਚ ਸ਼ਾਮਲ ਹਨ। ਇਹ ਯਕੀਨੀ ਬਣਾਉਣ ਲਈ ਕਿ ਅਰਜ਼ੀ ਸਮੇਂ ਸਿਰ ਦਾਇਰ ਕੀਤੀ ਅਤੇ ਪ੍ਰਾਪਤ ਕੀਤੀ ਗਈ ਹੈ ਇਹ ਅਰਜ਼ੀ ਦਾਇਰ ਕਰਨ ਲਈ ਯੋਗ ਵਿਅਕਤੀ ਦੀ ਜ਼ਿੰਮੇਵਾਰੀ ਹੈ। ਸੰਪਰਕ ਜਾਣਕਾਰੀ ਜੋ ਕਾਨੂੰਨ ਲਾਗੂ ਕਰਨ ਵਾਲੇ ਜਾਂ ਸਿਹਤ ਸੰਭਾਲ ਪੇਸ਼ੇਵਰਾਂ ਦੁਆਰਾ ਰੱਖੀ ਜਾਂਦੀ ਹੈ **ਕਦੇ** ਵੀ NCF ਨਾਲ ਸਾਂਝੀ ਨਹੀਂ ਕੀਤੀ ਜਾਂਦੀ, ਅਤੇ ਇਹ ਕੋਈ ਧਾਰਨਾ ਨਹੀਂ ਹੋਣੀ ਚਾਹੀਦੀ ਕਿ ਜੋ ਯੋਗ ਹੈ, ਉਸ ਨਾਲ ਸੰਪਰਕ ਕੀਤਾ ਹੀ ਜਾਵੇਗਾ ਕਿਉਂਕਿ ਉਨ੍ਹਾਂ ਨੇ ਆਪਣੀ ਸੰਪਰਕ ਜਾਣਕਾਰੀ ਜਾਂ ਤਾਂ ਕਾਨੂੰਨ ਲਾਗੂ ਕਰਨ ਵਾਲੇ ਜਾਂ ਕ੍ਰਾਈਮ ਕੰਪਨਸੇਸ਼ਨ ਪ੍ਰੋਗਰਾਮ/ਅਪਰਾਧ ਮੁਆਵਜ਼ਾ ਪ੍ਰੋਗਰਾਮ ਦੇ ਇੰਡੀਅਨਾ ਵਿਕਟਿਮਜ਼ ਨਾਲ ਸਾਂਝੀ ਕੀਤੀ ਹੈ। ਜਾਣਕਾਰੀ **ਲਾਜ਼ਮੀ** ਤੌਰ 'ਤੇ ਫੰਡ-ਵਿਸ਼ੇਸ਼ ਔਨਲਾਈਨ ਸੰਪਰਕ ਫਾਰਮ ਰਾਹੀਂ NCF ਨਾਲ ਸਾਂਝੀ ਕੀਤੀ ਜਾਣੀ ਚਾਹੀਦੀ ਹੈ।

**B.** ਇੱਕ ਵਾਰ ਅੰਤਮ ਰੂਪ ਦਿੱਤੇ ਜਾਣ ਤੋਂ ਬਾਅਦ, ਅੰਤਮ ਪ੍ਰੋਟੋਕੋਲ ਅਤੇ ਅਰਜ਼ੀ ਦੀ ਜਾਣਕਾਰੀ ਉਹਨਾਂ ਸਾਰੇ ਜਾਣਕਾਰ ਪੀੜਤਾਂ ਨੂੰ ਫੈਲਾ ਦਿੱਤੀ ਜਾਵੇਗੀ ਜੋ www.NationalCompassionFund.org 'ਤੇ ਫੰਡ-ਵਿਸ਼ੇਸ਼ ਔਨਲਾਈਨ ਸੰਪਰਕ ਫਾਰਮ ਭਰ ਚੁੱਕੇ ਹਨ। ਫੰਡ ਐਡਮਿਨਿਸਟ੍ਰੇਟਰ ਜਿਵੇਂ ਕਿ ਬੇਨਤੀ ਕੀਤੀ ਗਈ ਹੈ ਉਸ ਅਨੁਸਾਰ ਬਿਨੈਕਾਰਾਂ ਨਾਲ ਸਿੱਧਾ ਕੰਮ ਕਰਨਗੇ ਤਾਂ ਕਿ ਅਰਜ਼ੀਆਂ ਮੰਗਲਵਾਰ, ਸਤੰਬਰ 28, 2021, ਅੰਤਮ ਤਾਰੀਖ ਤੱਕ ਜਮ੍ਹਾਂ ਕਰਵਾਈਆਂ ਜਾ ਸਕਣ।

**C.** ਬਿਨੈਕਾਰ ਆਹਮੋ-ਸਾਹਮਣੇ ਜਾਂ ਟੈਲੀਫ਼ੋਨ ਰਾਹੀਂ ਫੰਡ ਐਡਮਿਨਿਸਟ੍ਰੇਟਰਾਂ ਨਾਲ ਵਿਕਲਪਿਕ ਮੀਟਿੰਗਾਂ ਤਹਿ ਕਰਨ ਦੀ ਬੇਨਤੀ ਕਰ ਸਕਦੇ ਹਨ। ਸਾਰੀਆਂ ਅਰਜ਼ੀਆਂ 'ਤੇ 30 ਅਗਸਤ, 2021, ਅਤੇ 28 ਅਕਤੂਬਰ, 2021 ਦੀ ਮਿਆਦ ਦੇ ਦੌਰਾਨ ਕਾਰਵਾਈ ਕੀਤੀ ਜਾਏਗੀ। ਸਾਰੇ ਬਿਨੈਕਾਰਾਂ ਦੁਆਰਾ ਫੰਡ ਪ੍ਰਸ਼ਾਸਕਾਂ ਨਾਲ ਮੀਟਿੰਗਾਂ ਦੀ ਬੇਨਤੀ ਕਰਨ ਵਾਲਿਆਂ ਨੂੰ ਅਰਜ਼ੀ ਦੀ ਕਾਰਵਾਈ ਕਰਨ ਤੋਂ ਪਹਿਲਾਂ 30 ਅਗਸਤ, 2021, ਅਤੇ 28 ਸਤੰਬਰ, 2021 ਦੀ ਮਿਆਦ ਦੇ ਦੌਰਾਨ ਅਜਿਹੀ ਬੈਠਕ ਦਾ ਸਮਰਥਨ ਕੀਤਾ ਜਾਵੇਗਾ। ਮੀਟਿੰਗਾਂ ਆਪਸੀ ਸੁਵਿਧਾਜਨਕ ਸਮੇਂ ਅਤੇ ਸਥਾਨਾਂ 'ਤੇ ਤਹਿ ਕੀਤੀਆਂ ਜਾਣਗੀਆਂ। ਮੀਟਿੰਗ ਦੀ ਬੇਨਤੀ ਕਰਨ ਲਈ, ਕਿਰਪਾ ਕਰਕੇ Indy@NationalCompassionFund.org ਨੂੰ ਈਮੇਲ ਰਾਹੀਂ ਬੇਨਤੀ ਭੇਜੋ।

## ਪ੍ਰੋਜੈਕਟਡ ਇੰਡੀਆਨਾਪੋਲਿਸ ਟਾਈਮਲਾਈਨ

- 15 ਅਪ੍ਰੈਲ, 2021 – ਗੋਲੀਬਾਰੀ ਹੁੰਦੀ ਹੈ
- 19 ਅਪ੍ਰੈਲ, 2021 – NCF ਦੀ ਵੈਬਸਾਈਟ 'ਤੇ ਸੰਪਰਕ ਫਾਰਮ ਲਾਂਚ ਕੀਤਾ ਗਿਆ ਹੈ
- 9 ਜੂਨ, 2021 – ਸੰਚਾਲਨ ਕਮੇਟੀ ਦੀ ਮੈਂਬਰਸ਼ਿਪ ਦੀ ਘੋਸ਼ਣਾ
- 16 ਜੂਨ, 2021 – ਸੰਚਾਲਨ ਕਮੇਟੀ ਦੀ ਪਹਿਲੀ ਮੀਟਿੰਗ: ਡਰਾਫਟ ਪ੍ਰੋਟੋਕੋਲ ਨੂੰ ਮਨਜ਼ੂਰੀ ਦਿਓ ਅਤੇ ਅਨੁਵਾਦ ਲਈ ਭੇਜੋ
- 21 ਜੂਨ, 2021 – ਡਰਾਫਟ ਪ੍ਰੋਟੋਕੋਲ ਅਨੁਵਾਦ ਪ੍ਰਾਪਤ ਕਰੋ
- 8 ਜੁਲਾਈ, 2021 – ਡਰਾਫਟ ਪ੍ਰੋਟੋਕੋਲ ਪ੍ਰਕਾਸ਼ਿਤ ਕਰੋ ਅਤੇ ਜਨਤਕ ਟਿੱਪਣੀ ਦੀ ਮਿਆਦ ਸ਼ੁਰੂ ਹੁੰਦੀ ਹੈ
- 13 ਅਗਸਤ, 2021 – ਜਨਤਕ ਟਿੱਪਣੀ ਦੀ ਮਿਆਦ ਸਮਾਪਤ ਹੋਈ
- 16 ਅਗਸਤ, 2021 – ਅੰਤਮ ਪ੍ਰੋਟੋਕੋਲ ਨੂੰ ਮਨਜ਼ੂਰੀ ਦੇਣ ਲਈ ਸੰਚਾਲਨ ਕਮੇਟੀ ਦੀ ਬੈਠਕ ਹੋਈ
- 19 ਅਗਸਤ, 2021 - ਅੰਤਮ ਪ੍ਰੋਟੋਕੋਲ ਅਨੁਵਾਦ ਪ੍ਰਾਪਤ ਕਰੋ
- 28 ਅਗਸਤ, 2021 – ਪਰਿਵਾਰਾਂ ਅਤੇ ਸਾਰੀਆਂ ਦਿਲਚਸਪੀ ਰੱਖਣ ਵਾਲੀਆਂ ਪਾਰਟੀਆਂ ਲਈ NCF ਦੀ ਵੈਬਸਾਈਟ 'ਤੇ ਅੰਤਮ ਪ੍ਰੋਟੋਕੋਲ ਪ੍ਰਕਾਸ਼ਤ ਕੀਤਾ ਗਿਆ
- 30 ਅਗਸਤ, 2021 – ਅਰਜ਼ੀ ਔਨਲਾਈਨ ਉਪਲਬਧ ਹੈ। ਅਰਜ਼ੀ ਨਿਰਦੇਸ਼ ਸਾਰੇ ਜਾਣਕਾਰ ਬਿਨੈਕਾਰਾਂ ਅਤੇ ਸੰਭਾਵੀ ਬਿਨੈਕਾਰਾਂ ਨੂੰ ਪ੍ਰਸਾਰਿਤ ਕੀਤੇ ਜਾਂਦੇ ਹਨ ਜੋ ਸੰਪਰਕ ਸੂਚੀ ਵਿੱਚ ਹਨ।
- 30 ਅਗਸਤ – 28 ਸਤੰਬਰ, 2021 - ਅਰਜ਼ੀਆਂ ਪੂਰੀਆਂ ਹੋਈਆਂ (ਲੋੜੀਂਦੇ ਦਸਤਾਵੇਜ਼ਾਂ ਦੇ ਨਾਲ) ਅਤੇ ਫੰਡ ਐਡਮਿਨਿਸਟ੍ਰੇਟਰਾਂ ਨੂੰ ਜਮ੍ਹਾਂ ਕਰਵਾਈਆਂ ਗਈਆਂ
- **28 ਸਤੰਬਰ, 2021 – ਲਾਭਾਂ ਲਈ ਅਰਜ਼ੀ ਜਮ੍ਹਾਂ ਕਰਾਉਣ ਦੀ ਅੰਤਮ ਤਾਰੀਖ**
- 25 ਅਗਸਤ, 2021 – ਫੰਡ ਸੰਬੰਧੀ ਦਾਨ ਬੰਦ ਹੁੰਦੇ ਹਨ
- ਅਗਸਤ 30 - ਸਤੰਬਰ 28, 2021 - ਫੰਡ ਐਡਮਿਨਿਸਟ੍ਰੇਟਰਾਂ ਨਾਲ ਬੇਨਤੀ ਕੀਤੀਆਂ ਸਾਰੀਆਂ ਨਿੱਜੀ ਮੀਟਿੰਗਾਂ ਪੂਰੀਆਂ ਹੋਈਆਂ
- 30 ਅਗਸਤ – 28 ਅਕਤੂਬਰ, 2021 – ਸਾਰੀਆਂ ਅਰਜ਼ੀਆਂ ਦੀ ਫੰਡ ਐਡਮਿਨਿਸਟ੍ਰੇਟਰਾਂ ਰਾਹੀਂ ਸਮੀਖਿਆ ਕੀਤੀਆਂ ਗਈਆਂ। ਸੁਤੰਤਰ ਸਮੀਖਿਆ ਅਤੇ ਮਨਜ਼ੂਰੀ ਲਈ ਸੰਚਾਲਨ ਕਮੇਟੀ ਨੂੰ ਸੌਂਪੇ ਗਏ ਯੋਗ ਬਿਨੈਕਾਰਾਂ ਨੂੰ ਭੁਗਤਾਨਾਂ ਲਈ ਸਿਫਾਰਸ਼ਾਂ।
- 10 ਨੰਵਬਰ, 2021 – ਸੰਚਾਲਨ ਕਮੇਟੀ ਫੰਡਾਂ ਦੀ ਵੰਡ ਯੋਜਨਾ ਨੂੰ ਮਨਜ਼ੂਰੀ ਦਿੰਦੀ ਹੈ
- **15 ਨਵੰਬਰ, 2021 – ਮਨਜ਼ੂਰ ਕੀਤੇ ਯੋਗ ਲਾਭਪਾਤਰਾਂ ਨੂੰ ਭੁਗਤਾਨ ਦੀ ਵੰਡ ਰੋਲਿੰਗ ਦੇ ਅਧਾਰ 'ਤੇ ਸ਼ੁਰੂ ਹੁੰਦੀ ਹੈ**
- ਮਹੀਨੇ ਦੇ ਅੰਤ ਦੇ ਤਿੰਨ ਹਫ਼ਤੇ ਬਾਅਦ, ਜਿਸ ਵਿੱਚ ਸਾਰੀਆਂ ਭੁਗਤਾਨ ਵੰਡਾਂ ਪੂਰੀਆਂ ਹੋ ਗਈਆਂ ਹਨ: ਪ੍ਰਕਿਰਿਆਵਾਂ 'ਤੇ ਸਹਿਮਤੀ ਦੇ ਅਨੁਸਾਰ ਸੁਤੰਤਰ ਆਡਿਟਿੰਗ ਫਰਮ ਫੰਡ ਦੀ ਪੂਰੀ ਜਾਂਚ ਦਾ ਸੰਚਾਲਨ ਕਰਦੀ ਹੈ।